This question paper contains 3 printed pages]

*Your Roll No.*...............

**329**

**B.A. (PROGRAMME)/II/III** **J**

PUNJABI LANGUAGE (A)—Paper II

(Advanced Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਨਿਬੰਧ ਲਿਖੋ (500 ਸ਼ਬਦ) :

   (*i*) ਭ੍ਰਿਸ਼ਟਾਚਾਰ ਦੀ ਸਮੱਸਿਆ;

   (*ii*) ਅਤੰਕਵਾਦ ਦੇ ਵਿਸ਼ਵ ਉਪਰ ਪੈਂਦੇ ਪ੍ਰਭਾਵ;

   (*iii*) ਦਿੱਲੀ ਦਾ ਬਦਲਦਾ ਚਿਹਰਾ;

   (*iv*) ਆਰਥਿਕ ਮੰਦਹਾਲੀ ਦਾ ਭਾਰਤ ਉੱਤੇ ਪੈਂਦਾ ਅਸਰ । 15

P.T.O.

2. ਹੇਠ ਲਿਖੇ ਪੈਰੇ ਨੂੰ ਧਿਆਨ ਪੂਰਵਕ ਪੜ੍ਹੋ ਤੇ ਉਸ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਇਹ ਇਕ ਕੌੜੀ ਸੱਚਾਈ ਹੈ ਕਿ ਕਿਸੇ ਪਾਠ ਨੂੰ ਉਸਦੇ ਰੂਪ, ਅਰਥ ਅਤੇ ਪ੍ਰਭਾਵ ਨੂੰ ਇੰਨ-ਬਿੰਨ ਕਾਇਮ ਰੱਖ ਕੇ, ਮੂਲ ਭਾਸ਼ਾ ਤੋਂ ਕਿਸੇ ਹੋਰ ਭਾਸ਼ਾ ਵਿਚ ਪੇਸ਼ ਕਰਨਾ ਜਾਂ ਬਦਲਣਾ ਦੁਸ਼ਵਾਰ ਨਹੀਂ ਬਲਕਿ ਨਾਮੁਮਕਿਨ ਹੈ। ਅਨੁਵਾਦ ਹਮੇਸ਼ਾ ਮੂਲ ਦੇ ਨੇੜੇ ਲੈ ਜਾਏ, ਉਸਦੇ ਰੂਪ, ਅਰਥ ਅਤੇ ਪ੍ਰਭਾਵ ਦਾ ਝਾਉਲਾ ਸਿਰਜੇ ਇਸੇ ਵਿਚ ਹੀ ਉਸਦੀ ਪ੍ਰਮਾਣਿਕਤਾ ਦਾ ਹਰੱਸ ਨਿਹਿਤ ਹੁੰਦਾ ਹੈ।

(ੳ) ਅਨੁਵਾਦ ਬਾਰੇ ਕੀ ਕੌੜੀ ਸੱਚਾਈ ਹੈ ?

(ਅ) ਅਨੁਵਾਦਕ ਨੂੰ ਕੀ ਕਰਨਾ ਚਾਹੀਦਾ ਹੈ ?

(ੲ) ਇਨ-ਬਿਨ, ਦੁਸ਼ਵਾਰ, ਝਾਉਲਾ ਤੇ ਨਿਹਿਤ ਸ਼ਬਦਾਂ ਦੇ ਅਰਥ ਲਿਖੋ।

3+3+4=10

3. ਹੇਠ-ਲਿਖੇ ਵਾਰਤਾਲਾਪ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ : 10

ਮੈਨੂੰ ਕੀ ਚਪੜ ਚਪੜ ਦੱਸਦਾ ਪਿਆ ਏਂ ਪਤਾ ਤੇ ਅਗਲੇ ਸਾਈਂ ਆਪ ਲਾ ਲੈਣਗੇ ਉਤੋਂ ਵਾੜ ਆਈ ਮਾਤਾ ਜੀ ਕਹਿੰਦੇ ਨੇ ਇਸ ਨੂੰ ਠਾਣੇ ਲੈ ਜਾਉ ਚਲ ਠਾਣੇ ਭਰਾ ਜੀ ਨੇ ਉਚੇਚੇ ਰੋਹਬ ਨਾਲ ਕਿਹਾ ਲੈ ਚਲੋ ਠਾਣੇ ਪਰ ਮੈਂ ਚੋਰ ਨਹੀਂ ਮੈਂ ਚੋਰ ਨਹੀਂ।

4. ਆਪਣੇ ਪੜ੍ਹੇ ਕਿਸੇ ਪੰਜਾਬੀ ਨਾਟਕ ਜਾਂ ਨਾਵਲ ਦੀ ਕਹਾਣੀ ਨੂੰ ਸੰਖੇਪ ਵਿਚ ਲਿਖੋ।

**ਜਾਂ**

ਦੋਸਤੀ, ਮਾਂ, ਧਰਮ, ਸੱਚ ਵਿਚੋਂ ਕਿਸੇ **ਇਕ** ਵਿਸ਼ੇ ਉਤੇ 10-15 ਸਤਰਾਂ ਦੀ ਕਵਿਤਾ ਲਿਖੋ। 10

5. ਕਿਸੇ ਅਨਪੜ੍ਹ ਕਾਮੇ ਨਾਲ ਗੱਲ ਬਾਤ ਦੀ ਸ਼ੈਲੀ ਵਿਚ ਹੋਏ ਵਾਰਤਾਲਾਪ ਲਿਖੋ ਜਿਸ ਵਿਚ ਪੜ੍ਹਾਈ ਦੀ ਮਹੱਤਤਾ ਦੱਸਣ ਦੀ ਕੋਸ਼ਿਸ ਕਰੋ ।

ਜਾਂ

ਮੈਟਰੋ ਰੇਲ ਵਿਚ ਯਾਤਰਾ ਕਰਦੇ ਦੋ ਯਾਤਰੀਆਂ ਦੀ ਵਾਰਤਾਲਾਪ ਲਿਖੋ ਜੋ ਬੰਬ ਹਾਦਸਿਆਂ ਬਾਰੇ ਚਰਚਾ ਕਰ ਰਹੇ ਹੋਣ । 10

6. ਪੰਜਾਬੀ ਦੀਆਂ ਪੰਜ ਉਪਭਾਸ਼ਾਵਾਂ ਦੇ ਨਾਂ ਲਿਖੋ ਅਤੇ ਸਾਰੀਆਂ ਦੇ ਵਾਕ ਲਿਖਕੇ ਉਦਾਹਰਣ ਦਿਉ । 10

7. ਹੇਠ ਲਿਖੇ ਵਾਕਾਂ ਨੂੰ ਬਰੈਕਟ ਵਿਚ ਦਿਤੇ ਆਦੇਸ਼ ਅਨੁਸਾਰ ਬਦਲੋ :

(ੳ) ਦਿਵਾਲੀ ਕੌਣ ਨਹੀਂ ਮਨਾਉਣਾ ਚਾਹੁੰਦਾ । (ਸਾਧਾਰਨ ਵਾਕ)

(ਅ) ਉਹ ਬੀਮਾਰ ਹੈ ਇਸ ਲਈ ਆਪਣੇ ਪੁੱਤਰ ਕੋਲ ਰਹਿੰਦਾ ਹੈ ।(ਮਿਸ਼ਰਤ ਵਾਕ)

(ੲ) ਮੌਸਮ ਕਿੰਨਾ ਸੁਹਾਵਣਾ ਹੈ । (ਸਾਧਾਰਨ ਵਾਕ)

(ਸ) ਸੰਤਾਂ ਦਾ ਕੋਈ ਵੈਰੀ ਨਹੀਂ ਹੁੰਦਾ । (ਹਾਂ ਵਾਚਕ ਵਾਕ)

(ਹ) ਬਿਮਾਰ ਦਵਾਈ ਪੀ ਕੇ ਸੌਂ ਗਿਆ । (ਸੰਜੁਗਤ ਵਾਕ) 10